social research

ਰਿਸਰਚ ਨਤੀਜਾ ਨੰਬਰ
21/2005

Glasgow

ਸੋਸ਼ਲ ਜਸਟਿਸ ਰਿਸਰਚ ਪ੍ਰੋਗ੍ਰਾਮ

# ਗਲਾਸਗੋ ਵਿੱਚ ਧਰਮ ਸਮੁਦਾਇ ਅਤੇ ਲੋਕਲ ਗਵਰਨਮੈਂਟ

ਸਿਸਿਲੀਆ ਕਲੈਗ ਅਤੇ ਮਾਈਕਲ ਰੋਜ਼ੀ,
ਸੈਂਟਰ ਫ਼ਾੱਰ ਥਿਓਲੋਜੀ ਐਂਡ ਪਬਲਿਕ ਇਸ਼ੂਜ਼ (ਧਰਮਸ਼ਾਸਤਰ ਅਤੇ ਜਨਤਕ ਮੁੱਦਿਆਂ ਲਈ ਕੇਂਦਰ), ਯੂਨੀਵਰਸਿਟੀ ਆੱਫ਼ ਐਡਿਨਬਰੋ

ਨਵੰਬਰ 2004 ਵਿੱਚ, ਸਕਾੱਟਿਸ਼ ਐਗਜ਼ੀਕਿਊਟਿਵ ਅਤੇ ਗਲਾਸਗੋ ਸਿਟੀ ਕਾਉਂਸਿਲ ਨੇ ਸੰਯੁਕਤ ਰੂਪ ਵਿੱਚ ਗਲਾਸਗੋ ਸਿਟੀ ਇਲਾਕੇ ਵਿੱਚ 7 ਫੇਥ ਗਰੁੱਪਾਂ (ਧਰਮ ਗਰੁੱਪਾਂ) ਅਤੇ ਸਰਕਾਰ ਦੇ ਵਿਚਕਾਰ ਸੰਬੰਧ ਦਾ ਇੱਕ ਸੰਖੇਪ ਅਧਿਐਨ ਸ਼ੁਰੂ ਕੀਤਾ। ਇਸ ਅਧਿਐਨ, ਜਿਸ ਵਿੱਚ ਗਲਾਸਗੋ ਸਿਟੀ ਕਾਉਂਸਿਲ ਵਿੱਚ ਅੰਤਰ-ਧਰਮ ਸੰਪਰਕ ਅਧਿਕਾਰੀ (ਇੰਟਰ ਫੇਥ ਲਿਏਜ਼ਨ ਆੱਫ਼ਿਸਰ) ਦੇ ਪਦ ਦੀ ਸਥਾਪਨਾ ਲਈ ਸ਼ੁਰੂਆਤੀ ਜਾਣਕਾਰੀ ਦਿੱਤੀ ਜਾਣੀ ਸੀ, ਵਿੱਚ ਖ਼ੁਦ ਧਾਰਮਿਕ ਗਰੁੱਪਾਂ ਦੇ ਵਿਚਕਾਰ ਦੇ ਸੰਬੰਧਾਂ ਦੀ ਵੀ ਜਾਂਚ ਕੀਤੀ ਗਈ। ਪਰਿਮਾਣਾਤਮਕ (ਮਾਤਰਾ ਨਾਲ ਸੰਬੰਧਤ) ਅਤੇ ਗੁਣਾਤਮਕ (ਗੁਣਾਂ ਨਾਲ ਸੰਬੰਧਤ), ਦੋਵੇਂ ਤਰੀਕੇ ਵਰਤੇ ਗਏ। ਇਹ ਰਿਪੋਰਟ ਦੋ ਹਿੱਸਿਆਂ ਵਿੱਚ ਵੰਡੀ ਗਈ ਹੈ। ਰਿਪੋਰਟ ਦੇ ਪਹਿਲੇ ਹਿੱਸੇ ਵਿੱਚ ਇੱਕ ਧਰਮ, ਅੰਤਰ-ਧਰਮ ਅਤੇ ਬਹੁ-ਧਰਮ ਦੇ ਫ਼ੋਕਸ ਗਰੁੱਪਾਂ ਅਤੇ ਵਿਅਕਤੀਗਤ ਇੰਟਰਵਿਊਆਂ ਦੀ ਇੱਕ ਲੜੀ ਦੇ ਨਤੀਜੇ ਸ਼ਾਮਲ ਹਨ। ਦੂਸਰੇ ਹਿੱਸੇ ਵਿੱਚ 2001 ਦੀ ਜਨਗਣਨਾ ਅਤੇ ਦੂਸਰੇ ਅੰਕੜਿਆਂ ਦੇ ਅਧਾਰ 'ਤੇ ਬਣਾਇਆ ਗਿਆ ਗਲਾਸਗੋ ਦੇ ਧਰਮ ਸਮੁਦਾਵਾਂ ਦਾ ਇੱਕ ਅੰਕੜਿਆਂ ਨਾਲ ਸੰਬੰਧਤ ਨਕਸ਼ਾ ਪੇਸ਼ ਕੀਤਾ ਗਿਆ ਹੈ।

## ਮੁੱਖ ਨਤੀਜੇ

- ਧਰਮ ਸਮੁਦਾਇ ਲੋਕਲ ਗਵਰਨਮੈਂਟ ਨਾਲ ਸੰਬੰਧ ਦੇ ਮਹੱਤਵ ਨੂੰ ਸਮਝਦੇ ਹਨ। ਉਨ੍ਹਾਂ ਕੋਲ ਗਲਾਸਗੋ ਸਿਟੀ ਕਾਉਂਸਿਲ ਇਲਾਕੇ ਦੇ ਜਨਤਕ ਜੀਵਨ ਵਿੱਚ ਯੋਗਦਾਨ ਦੇਣ ਲਈ ਹੁਨਰ, ਸਮਰੱਥਾ ਅਤੇ ਇੱਛਾ ਹੈ, ਹਾਲਾਂਕਿ ਇਸਨੂੰ ਹਮੇਸ਼ਾਂ ਪਛਾਣਿਆ ਜਾਂ ਵਰਤਿਆ ਨਹੀਂ ਜਾਂਦਾ ਹੈ।

- ਧਰਮ ਸਮੁਦਾਇ, ਸਾਰੇ ਪੱਧਰਾਂ 'ਤੇ ਕਾਉਂਸਿਲ ਸਟਾਫ਼ ਦੇ ਵਿੱਚ ਉਨ੍ਹਾਂ ਦੀਆਂ ਧਾਰਮਿਕ ਅਤੇ ਸੱਭਿਆਚਾਰਕ ਲੋੜਾਂ ਦੇ ਪ੍ਰਤਿ ਅਸੰਵੇਦਨਸ਼ੀਲਤਾ ਦੀ ਇੱਕ ਮਜ਼ਬੂਤ ਭਾਵਨਾ ਦੀ ਰਿਪੋਰਟ ਕਰਦੇ ਹਨ। ਅਜਿਹਾ ਲੱਗਦਾ ਹੈ ਕਿ ਇਹ ਭਾਵਨਾ ਗਿਆਨ ਅਤੇ ਸਿਖਲਾਈ ਦੀ ਕਮੀ ਤੋਂ ਪੈਦਾ ਹੋਈ ਹੈ।

- ਬਹੁਤ ਸਾਰੇ ਧਰਮ ਸਮੁਦਾਵਾਂ ਵਿੱਚ ਇਹ ਭਾਵਨਾ ਹੈ ਕਿ ਗਲਾਸਗੋ ਸਿਟੀ ਕਾਉਂਸਿਲ ਦੇ ਦੁਆਰਾ ਉਨ੍ਹਾਂ ਨੂੰ ਸਲਾਹ ਅਤੇ ਫ਼ੈਸਲਾ-ਪ੍ਰਕ੍ਰਿਆ ਵਿੱਚ ਸ਼ਾਮਲ ਕਰਨ ਦੇ ਤਰੀਕੇ ਵਿੱਚ ਕੁਝ ਹੱਦ ਤਕ 'ਦਿਖਾਵਾ' (tokenism) ਹੈ।

- ਜ਼ਿਆਦਾਤਰ ਧਰਮ ਸਮੁਦਾਵਾਂ ਨੂੰ ਕਾਉਂਸਿਲ ਦੀਆਂ ਸੇਵਾਵਾਂ ਦੀ ਜਾਣਕਾਰੀ ਨਹੀਂ ਹੈ, ਅਤੇ ਇਨ੍ਹਾਂ ਤਕ ਕਿਵੇਂ ਪਹੁੰਚਣਾ ਹੈ, ਇਸ ਬਾਰੇ ਉਹ ਨਿਰਾਸ਼ ਅਤੇ ਉਲਝਣ ਵਿੱਚ ਰਹਿੰਦੇ ਹਨ। ਕੁਝ ਧਰਮ ਸਮੂਹਾਂ ਲਈ ਠੀਕ ਭਾਸ਼ਾਵਾਂ ਵਿੱਚ ਜਾਣਕਾਰੀ ਦਾ ਪ੍ਰਬੰਧ ਚਿੰਤਾ ਦਾ ਮੁੱਖ ਵਿਸ਼ਾ ਹੈ।

- 11 ਸਿਤੰਬਰ 2001 ਨੂੰ USA 'ਤੇ ਕੀਤੇ ਗਏ ਹਮਲਿਆਂ ਨੂੰ, ਕਾਫ਼ੀ ਜ਼ਿਆਦਾ ਫੈਲੀ ਹੋਈ ਨਸਲੀ ਅਸਹਿਣਸ਼ੀਲਤਾ ਅਤੇ ਦੁਰਵਿਹਾਰ ਤੋਂ, ਧਾਰਮਿਕ ਰੂਪ ਵਿੱਚ ਪ੍ਰੇਰਿਤ ਵਧੇਰੇ ਹਮਲਿਆਂ ਵੱਲ ਵੱਧਣ ਦੇ ਇੱਕ ਮਹੱਤਵਪੂਰਨ ਮੋੜ ਦੇ ਰੂਪ ਵਿੱਚ ਦੇਖਿਆ ਗਿਆ ਹੈ। ਧਾਰਮਿਕ ਕੱਪੜੇ ਜਾਂ ਚਿੰਨ੍ਹ ਪਹਿਨੇ ਹੋਏ ਲੋਕ, ਮੁੱਖ ਨਿਸ਼ਾਨਾ ਹਨ।

- ਬਹੁਤ ਸਾਰੇ ਧਰਮ ਸਮੁਦਾਇ ਸਮਝਦੇ ਹਨ ਕਿ ਉਹ ਸਰਗਰਮੀ ਨਾਲ ਅੰਤਰ-ਧਰਮ ਕੰਮਾਂ ਵਿੱਚ ਲੱਗੇ ਹੋਏ ਹਨ। ਪਰ, ਕੁਝ ਖ਼ਾਸ ਮਾਮਲਿਆਂ ਵਿੱਚ, ਕੁਝ ਧਰਮ ਸਮੁਦਾਇ ਅੰਤਰ-ਧਰਮ ਕੰਮ ਕਰਨ ਵਿੱਚ ਝਿਜਕ ਵਿਅਕਤ ਕਰਦੇ ਹਨ। ਅੰਤਰ-ਧਰਮ ਕੰਮਾਂ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਅੰਤਰ-ਧਰਮ ਸੰਬੰਧ ਵਿਕਸਿਤ ਕਰਨ ਵਿੱਚ ਕਲਪਨਾ, ਇੱਛਾ ਜਾਂ ਅਗਵਾਈ ਦੀ ਕਮੀ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ।

SCOTTISH EXECUTIVE

## ਪਿਛੋਕੜ

ਪਿਛਲੇ 10 ਸਾਲਾਂ ਦੌਰਾਨ ਅੰਤਰ-ਧਰਮ ਕੰਮਾਂ ਵਿੱਚ ਦਿਲਚਸਪੀ ਦਾ ਵਾਧਾ, ਬ੍ਰਿਟਿਸ਼ ਸੋਸਾਇਟੀ ਦੇ ਸਮਾਜਿਕ ਅਤੇ ਸੱਭਿਆਚਾਰਕ ਜੀਵਨ ਵਿੱਚ ਧਾਰਮਿਕ ਪਛਾਣ ਦੇ ਮਹੱਤਵ ਬਾਰੇ ਵੱਧਦੀ ਹੋਈ ਜਾਣਕਾਰੀ ਦਰਸਾਉਂਦਾ ਹੈ। 1997 ਤੋਂ, ਯੂਕੇ ਗਵਰਨਮੈਂਟ ਧਰਮ ਸਮੁਦਾਵਾਂ ਨਾਲ ਲਗਾਤਾਰ ਚੱਲਣ ਵਾਲੀ ਸਲਾਹ ਦੀ ਪ੍ਰਕ੍ਰਿਆ ਵਿੱਚ ਸ਼ਾਮਲ ਰਹੀ ਹੈ, ਅਤੇ ਉਸ ਖ਼ਾਸ ਯੋਗਦਾਨ ਨੂੰ ਮੰਨਦੀ ਹੈ ਜੋ ਉਹ ਸਭਿਅ ਸਮਾਜ ਦੇ ਨਿਰਮਾਣ ਵਿੱਚ ਦੇ ਸਕਦੇ ਹਨ।

ਸਕਾੱਟਲੈਂਡ ਵਿੱਚ ਆਪਣੀ ਕਿਸਮ ਦੇ ਪਹਿਲੇ, ਗਲਾਸਗੋ ਇੰਟਰ ਫੇਥ ਲਿਏਜ਼ਨ ਆੱਫ਼ਿਸਰ ਦੇ ਪਦ ਦੀ ਸਥਾਪਨਾ ਦੇ ਪ੍ਰਸਤਾਵ ਦੇ ਬਾਅਦ, ਇੰਗਲੈਂਡ ਦੇ ਬਹੁਤ ਸਾਰੇ ਲੋਕਲ ਗਵਰਨਮੈਂਟ ਇਲਾਕਿਆਂ ਵਿੱਚ ਵੀ ਅਜਿਹੇ ਹੀ ਪਦ ਬਣਾਏ ਗਏ। ਇਹ ਪਦ ਅੰਤਰ-ਧਰਮ ਵਿਚਾਰ-ਵਟਾਂਦਰੇ ਦੀ ਵਿਕਸਿਤ ਹੋ ਰਹੀ ਕਾਰਜ-ਸੂਚੀ ਦੇ ਪ੍ਰਤਿ ਸਥਾਨਕ ਸਰਕਾਰ ਦੁਆਰਾ ਇੱਕ ਰਣਨੀਤਿਕ ਪ੍ਰਤਿਕ੍ਰਿਆ ਹਨ।

## ਰਿਸਰਚ ਦੇ ਉਦੇਸ਼

ਇਸ ਰਿਸਰਚ ਦੇ ਕੁੱਲ ਉਦੇਸ਼ ਹੇਠਾਂ ਲਿਖੇ ਸਨ:

- ਗਲਾਸਗੋ ਸਿਟੀ ਵਿੱਚ ਅੰਤਰ-ਧਰਮ ਕੰਮ, ਸਲਾਹ-ਮਸ਼ਵਰਾ ਅਤੇ ਕਮਿਉਨਿਟੀ ਦੇ ਵਿਕਾਸ ਲਈ ਮੁੱਖ ਮੁੱਦਿਆਂ ਨੂੰ ਪਛਾਣਨਾ।
- ਇੰਟਰ ਫੇਥ ਲਿਏਜ਼ਨ ਆੱਫ਼ਿਸਰ, ਜੋ ਕਿ ਗਲਾਸਗੋ ਸਿਟੀ ਕਾਉਂਸਿਲ ਵਿੱਚ ਸਥਿਤ ਰਹੇਗਾ, ਲਈ ਸਾਧਨ ਮੁਹੱਈਆ ਕਰਨੇ।

## ਤਰੀਕਾ

ਇਸ ਅਧਿਐਨ ਨੇ 7 ਧਰਮਾਂ 'ਤੇ ਧਿਆਨ ਕੇਂਦ੍ਰਿਤ ਕੀਤਾ: ਬਹਾਈ, ਬੁੱਧ (ਬੁੱਧਿਜ਼ਮ), ਕ੍ਰਿਸ਼ਚਿਅਨ, ਹਿੰਦੂ, ਇਸਲਾਮ, ਯਹੂਦੀ (ਜੁਡਾਇਜ਼ਮ) ਅਤੇ ਸਿੱਖ ਧਰਮ। ਇਨ੍ਹਾਂ ਧਰਮਾਂ ਦੀ ਚੋਣ ਕਰਨ ਦਾ ਮੂਲ ਅਧਾਰ ਇਹ ਸੀ ਕਿ ਇਹ ਗਲਾਸਗੋ ਫ਼ੋਰਮ ਆੱਫ਼ ਫੇਥਸ ਦੇ ਮੈਂਬਰ ਹਨ।

**ਗੁਣਾਤਮਕ:**

- 6 ਇੱਕ ਧਰਮ ਵਾਲੇ ਫ਼ੋਕਸ ਗਰੁੱਪ: ਹਿੰਦੂ, ਜੁਇਸ਼, ਮੁਸਲਿਮ, ਸਿੱਖ ਅਤੇ 2 ਕ੍ਰਿਸ਼ਚਿਅਨ ਗਰੁੱਪ।
- ਬਹਾਈ ਅਤੇ ਬੁੱਧ ਧਰਮ ਸਮੂਹਾਂ, ਦੋਵਾਂ ਦੇ ਪ੍ਰਤਿਨਿਧੀਆਂ ਦੇ ਨਾਲ 2 ਇੰਟਰਵਿਊਜ਼।
- 2 ਅੰਤਰ-ਧਰਮ ਫ਼ੋਕਸ ਗਰੁੱਪ: ਸਕਾੱਟਿਸ਼ ਇੰਟਰ ਫੇਥ ਕਾਉਂਸਿਲ, ਅਤੇ ਗਲਾਸਗੋ ਫ਼ੋਰਮ ਆੱਫ਼ ਫੇਥਸ।
- 2 ਬਹੁ-ਧਰਮ ਫ਼ੋਕਸ ਗਰੁੱਪ: ਇੱਕ ਔਰਤਾਂ ਲਈ, ਅਤੇ ਇੱਕ ਨੌਜਵਾਨਾਂ ਲਈ।
- ਇੱਕ ਫ਼ੋਕਸ ਗਰੁੱਪ ਗਲਾਸਗੋ ਸਿਟੀ ਕਾਉਂਸਿਲ ਦੇ ਅਧਿਕਾਰੀਆਂ ਲਈ।
- 5 ਅਰਧ-ਸੰਰਚਿਤ ਇੰਟਰਵਿਊਜ਼, ਉਨ੍ਹਾਂ ਗਰੁੱਪਾਂ ਲਈ ਜਿਨ੍ਹਾਂ ਦੀ ਫ਼ੋਕਸ ਗਰੁੱਪਾਂ ਵਿੱਚ ਪ੍ਰਤਿਨਿਧਤਾ ਨਹੀਂ ਕੀਤੀ ਗਈ ਹੈ।

ਫ਼ੋਕਸ ਗਰੁੱਪਾਂ ਅਤੇ ਇੰਟਰਵਿਊ ਦੇਣ ਵਾਲਿਆਂ ਨੂੰ ਸਰਕਾਰ ਦੇ ਨਾਲ ਮਿਲ ਕੇ ਕੰਮ ਕਰਨ, ਮਿਲ ਕੇ ਕੰਮ ਕਰਨ ਵਿੱਚ ਆਉਣ ਵਾਲੀਆਂ ਕਿਸੇ ਵੀ ਰੁਕਾਵਟਾਂ, ਗਲਾਸਗੋ ਦੇ ਜੀਵਨ ਦੇ ਪ੍ਰਤਿ ਉਨ੍ਹਾਂ ਦੇ ਧਰਮ ਸਮੁਦਾਇ ਦਾ ਯੋਗਦਾਨ, ਅਤੇ ਦੂਸਰੇ ਧਰਮ ਸਮੁਦਾਵਾਂ ਨਾਲ ਉਨ੍ਹਾਂ ਦੇ ਸੰਬੰਧ ਬਾਰੇ ਪ੍ਰਸ਼ਨ ਪੁੱਛੇ ਗਏ। ਗਲਾਸਗੋ ਸਿਟੀ ਕਾਉਂਸਿਲ ਦੇ ਅਧਿਕਾਰੀਆਂ ਲਈ ਇੱਕ ਗਰੁੱਪ ਨੂੰ ਸ਼ਾਮਲ ਕੀਤੇ ਜਾਣ ਦਾ ਕਾਰਨ ਇਹ ਸੀ ਧਰਮ ਸਮੂਹਾਂ ਨਾਲ ਕਾਉਂਸਿਲ ਦੇ ਸੰਬੰਧ ਬਾਰੇ ਆਪਣੀ ਸਮਝ ਦੀ ਤੁਲਨਾ ਖ਼ੁਦ ਧਰਮ ਸਮੂਹਾਂ ਦੀ ਸਮਝ ਦੇ ਨਾਲ ਕੀਤੀ ਜਾ ਸਕੇ।

**ਪਰਿਮਾਣਾਤਮਕ:**

- ਮੌਜੂਦਾ ਅੰਕੜਿਆਂ, ਖ਼ਾਸ ਤੌਰ 'ਤੇ 2001 ਦੀ ਜਨਗਣਨਾ, ਨੂੰ ਵਰਤਦੇ ਹੋਏ ਗਲਾਸਗੋ ਦੇ ਧਰਮ ਸਮੁਦਾਵਾਂ ਦਾ ਇੱਕ ਵਿਸਤ੍ਰਿਤ ਅੰਕੜਿਆਂ ਨਾਲ ਸੰਬੰਧਤ ਨਕਸ਼ਾ ਬਣਾਉਣਾ।
- ਫ਼ੋਕਸ ਗਰੁੱਪਾਂ ਦੇ ਮਾਧਿਅਮ ਨਾਲ 10 ਪ੍ਰਸ਼ਨਾਂ ਦੀ ਪ੍ਰਸ਼ਨਾਵਲੀ ਵੰਡੀ ਗਈ।

ਇਹ ਪ੍ਰਸ਼ਨਾਵਲੀ ਏਰੇਬਿਕ, ਇੰਗਲਿਸ਼, ਫ਼ਾਰਸੀ, ਹਿੰਦੀ, ਪੰਜਾਬੀ ਅਤੇ ਉਰਦੂ ਵਿੱਚ ਦਿੱਤੀ ਗਈ।

## ਹੋਰ ਨਤੀਜੇ

**ਫ਼ੀਲਡ ਵਰਕ ਤੋਂ**

- ਮੌਜੂਦਾ ਜ਼ਿਆਦਾਤਰ ਗੋਰੇ, ਕ੍ਰਿਸ਼ਚਿਅਨ, ਪੁਰਸ਼, ਹਿਟਰੋਸੈਕਸੁਅਲ (ਭਿੰਨ-ਲਿੰਗ-ਕਾਮੀ), ਅਤੇ ਸਮਰੱਥ ਸਰੀਰ ਦੇ ਆਧਾਰ ਨੂੰ ਖ਼ਾਸ ਅਪਵਾਦਾਂ ਦੇ ਰੂਪ ਵਿੱਚ ਦੇਖਣ ਦੀ ਬਜਾਏ, ਸੇਵਾਵਾਂ ਦੇ ਵੱਖ-ਵੱਖ ਤਰ੍ਹਾਂ ਦੇ ਪ੍ਰਬੰਧਾਂ ਨੂੰ ਅਧਾਰ ਦੇ ਰੂਪ ਵਿੱਚ ਸਥਾਪਤ ਕਰਨ ਦੀ ਲੋੜ ਹੈ।
- ਸਮੁਦਾਇਕ ਮੇਲ ਅਤੇ ਸੁਰੱਖਿਆ ਦੇ ਸੰਬੰਧ ਵਿੱਚ ਧਰਮ ਦੀਆਂ ਕੁਝ ਉਲਝਣਾਂ ਹਨ। ਇਸਨੂੰ ਹੁਣ ਪੂਰੀ ਤਰ੍ਹਾਂ ਨਾਲ ਨਿੱਜੀ ਮਾਮਲਾ ਨਹੀਂ ਮੰਨਿਆ ਜਾ ਸਕਦਾ ਹੈ, ਬਲਕਿ ਇਸਨੂੰ ਗੰਭੀਰਤਾ ਨਾਲ ਲਏ ਜਾਣ ਦੀ ਅਤੇ ਇਸ 'ਤੇ ਜਨਤਕ ਰੂਪ ਨਾਲ ਧਿਆਨ ਦਿੱਤੇ ਜਾਣ ਦੀ ਲੋੜ ਹੈ।
- ਗਲਾਸਗੋ ਵਿੱਚ ਪੂਰੀ ਧਾਰਮਿਕ ਅਸਹਿਣਸ਼ੀਲਤਾ ਨੂੰ 'ਫਿਰਕਾਪ੍ਰਸਤੀ' ਦੇ ਸਿਰਲੇਖ ਹੇਠਾਂ ਸ਼ਾਮਲ ਕਰਨਾ ਸਹੀ ਨਹੀਂ ਹੈ। ਵਿਸਤ੍ਰਿਤ ਧਾਰਮਿਕ ਅਸਹਿਣਸ਼ੀਲਤਾ ਨੂੰ ਇਸਦੀ ਖ਼ੁਦ ਦੀਆਂ ਵਿਸ਼ੇਸ਼ਤਾਵਾਂ ਦੇ ਅਧੀਨ ਨਾਮ ਦਿੱਤਾ ਜਾਣਾ ਚਾਹੀਦਾ ਹੈ ਅਤੇ ਇਸ 'ਤੇ ਇਸੇ ਦੀਆਂ ਵਿਸ਼ੇਸ਼ਤਾਵਾਂ ਦੇ ਅਨੁਸਾਰ ਧਿਆਨ ਦਿੱਤਾ ਜਾਣਾ ਚਾਹੀਦਾ ਹੈ।
- ਗਲਾਸਗੋ ਸਿਟੀ ਕਾਉਂਸਿਲ ਨੂੰ ਆਪਸੀ ਗੱਲਬਾਤ ਦੀ ਇੱਕ ਅਜਿਹੀ ਕਾਰਜਨੀਤੀ ਤੋਂ ਫ਼ਾਇਦਾ ਹੋਵੇਗਾ ਜੋ ਖ਼ਾਸ ਤੌਰ 'ਤੇ ਧਰਮ ਸਮੁਦਾਵਾਂ ਦੇ ਨਾਲ ਗੱਲ ਕਰਨ ਲਈ ਤਿਆਰ ਕੀਤੀ ਗਈ ਹੋਵੇ।
- ਹਾਲਾਂਕਿ ਅਧਿਕਾਰਕ ਪੱਧਰ 'ਤੇ ਧਰਮ ਸਮੂਹਾਂ ਦੇ ਵਿਚਕਾਰ ਰਸਮੀ ਸੰਬੰਧ ਮੌਜੂਦ ਹੈ, ਪਰ ਸਥਾਨਕ ਪੱਧਰ 'ਤੇ, ਧਰਮ ਸਮੁਦਾਵਾਂ ਦੇ ਵਿਚਕਾਰ ਸੰਬੰਧ ਨੂੰ ਅਸਾਨ ਬਣਾਉਣ ਵਾਲੇ ਢਾਂਚੇ, ਅਤੇ ਅਸਲ ਸੰਪਰਕ, ਦੋਵਾਂ ਦੀ ਕਮੀ ਹੈ।

**ਗਲਾਸਗੋ ਦੇ ਅੰਕੜਿਆਂ ਨਾਲ ਸੰਬੰਧਤ ਨਕਸ਼ੇ ਤੋਂ**

- ਗਲਾਸਗੋ ਦੇ ਜ਼ਿਆਦਾਤਰ ਨਿਵਾਸੀ ਆਪਣਾ ਮੌਜੂਦਾ ਧਰਮ ਕ੍ਰਿਸ਼ਚਿਅਨ ਦੱਸਦੇ ਹਨ, ਹਾਲਾਂਕਿ ਚਾਰ ਵਿਚੋਂ ਇੱਕ ਵਿਅਕਤੀ ਆਪਣੇ ਮੌਜੂਦਾ ਧਰਮ ਨੂੰ 'ਕੋਈ ਨਹੀਂ' ਦੱਸਦੇ ਹਨ।

- ਦੂਸਰੇ ਧਰਮਾਂ ਨੂੰ ਮੰਨਣ ਵਾਲੇ ਲੋਕ ਗਲਾਸਗੋ ਦੀ ਜਨਸੰਖਿਆ ਦਾ ਲਗਭਗ 5% ਹਨ, ਅਤੇ ਇਹ ਸ਼ਹਿਰ ਸਕਾੱਟਲੈਂਡ ਦੇ ਮੁਸਲਿਮ, ਹਿੰਦੂ ਅਤੇ ਸਿੱਖ ਸਮੁਦਾਵਾਂ ਲਈ ਕੇਂਦਰੀ ਬਿੰਦੂ ਹੈ।

- ਕੁਝ ਧਾਰਮਿਕ ਸਮੁਦਾਇ ਸ਼ਹਿਰ ਦੇ ਕੁਝ ਹਿੱਸਿਆਂ ਵਿੱਚ ਅਨੁਪਾਤਹੀਨ ਰੂਪ ਵਿੱਚ ਪਾਏ ਜਾਂਦੇ ਹਨ। ਕੇਲਵਿਨ ਇਲਾਕੇ ਵਿੱਚ ਤੁਲਨਾਤਮਕ ਤੌਰ 'ਤੇ 'ਹੋਰ ਕ੍ਰਿਸ਼ਚਿਅਨ', ਬੁੱਧ, ਹਿੰਦੂ ਅਤੇ 'ਕੋਈ ਦੂਸਰਾ ਧਰਮ' ਦੇ ਸਮੁਦਾਵਾਂ ਦੇ ਲੋਕ ਅਤੇ ਕੋਈ ਵੀ ਧਰਮ ਨਾ ਵਾਲੇ ਲੋਕ ਵੱਧ ਅਨੁਪਾਤ ਵਿੱਚ ਹਨ। ਸਾਊਥਸਾਈਡ ਮੁਸਲਿਮ, ਜੂਇਸ਼ ਅਤੇ ਸਿੱਖ ਸਮੁਦਾਵਾਂ ਲਈ ਕੇਂਦਰ ਬਿੰਦੂ ਸਿੱਧ ਹੋਇਆ ਹੈ।

- ਕੁਝ ਧਾਰਮਿਕ ਸਮੁਦਾਵਾਂ ਵਿੱਚ ਤੁਲਨਾਤਮਕ ਤੌਰ 'ਤੇ ਵੱਡੀ ਉਮਰ ਦੇ ਲੋਕ ਹਨ, ਮੁੱਖ ਰੂਪ ਵਿੱਚ ਚਰਚ ਆੱਫ਼ ਸਕਾੱਟਲੈਂਡ ਅਤੇ ਜੂਇਸ਼ ਸਮੁਦਾਵਾਂ ਵਿੱਚ। ਦੂਸਰੇ ਧਰਮਾਂ ਵਿੱਚ ਤੁਲਨਾਤਮਕ ਤੌਰ 'ਤੇ ਛੋਟੀ ਉਮਰ ਦੇ ਲੋਕ ਹਨ, ਮੁੱਖ ਰੂਪ ਵਿੱਚ ਮੁਸਲਿਮ ਅਤੇ ਸਿੱਖ ਸਮੁਦਾਇ।

- ਗਲਾਸਗੋ ਦੇ ਜ਼ਿਆਦਾਤਰ ਨਿਵਾਸੀ ਆਪਣਾ ਪਾਲਣ-ਪੋਸ਼ਣ ਵਾਲਾ ਧਰਮ ਹੀ ਰੱਖਦੇ ਹਨ, ਅਤੇ ਮੁੱਖ ਧਾਰਮਿਕ ਸਮੁਦਾਵਾਂ ਵਿੱਚ ਨਵੇਂ ਲੋਕ ਜਨਮ ਦੇ ਮਾਧਿਅਮ ਨਾਲ ਹੀ ਆਉਂਦੇ ਹਨ। ਮੁੱਖ ਅਪਵਾਦ 'ਕੋਈ ਧਰਮ ਨਹੀਂ' ਵਾਲਿਆਂ ਦੇ ਨਾਲ ਹੈ, ਜਿਨ੍ਹਾਂ ਵਿਚੋਂ ਜ਼ਿਆਦਾਤਰ ਕ੍ਰਿਸ਼ਚਿਅਨ ਪਿਛੋਕੜ ਤੋਂ ਆਉਂਦੇ ਹਨ।

- ਕ੍ਰਿਸ਼ਚਿਅਨ ਧਰਮਾਂ ਵਿੱਚ ਅੰਤਰ-ਵਿਆਹ (ਕੈਥੋਲਿਕ ਅਤੇ ਪ੍ਰੋਟੇਸਟੇਂਟ ਦੇ ਵਿਚਕਾਰ ਵੀ ਸ਼ਾਮਲ ਹੈ) ਗਲਾਸਗੋ ਵਿੱਚ ਆਮ ਹੈ। ਇਸ ਤੋਂ ਉਲਟ ਹਿੰਦੂਆਂ, ਮੁਸਲਿਮਾਂ ਅਤੇ ਸਿੱਖਾਂ ਵਿੱਚ ਸਾਨੂੰ ਉਸੇ ਧਰਮ ਵਿੱਚ ਵਿਆਹ ਦੀ ਪ੍ਰਥਾ ਦੀ ਉੱਚੀ ਦਰ ਮਿਲੀ ਹੈ।

- ਪੁਰਸ਼ ਅਤੇ ਇਸਤ੍ਰੀ, ਦੋਵਾਂ ਵਿੱਚ ਹਿੰਦੂਆਂ, ਜੂਇਸ਼ ਵਿਅਕਤੀਆਂ ਅਤੇ 'ਹੋਰ ਕ੍ਰਿਸ਼ਚਿਅਨਾਂ' ਦੇ 'ਮੈਨੇਜਰ ਪਦ ਵਾਲੇ' ਕੰਮਾਂ ਵਿੱਚ ਨਿਯੁਕਤ ਰਹਿਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ; ਪ੍ਰੈਸਬੀਟੀਰੀਅਨ, ਕੈਥੋਲਿਕ, ਮੁਸਲਿਮ ਅਤੇ ਸਿੱਖ ਲੋਕ ਤੁਲਨਾਤਮਕ ਤੌਰ 'ਤੇ 'ਨਿਯਮਿਤ' ਪੇਸ਼ਿਆਂ ਵਿੱਚ ਕੇਂਦ੍ਰਿਤ ਰਹਿੰਦੇ ਹਨ।

- ਜੂਇਸ਼, ਮੁਸਲਿਮ ਅਤੇ ਸਿੱਖ ਸਮੁਦਾਵਾਂ ਵਿੱਚ ਆਪਣੇ ਘਰ ਦਾ ਮਾਲਕ ਹੋਣਾ ਸਭ ਤੋਂ ਵੱਧ ਹੈ। ਸਮਾਜਿਕ ਕਿਰਾਏਦਾਰੀ ਕੈਥੋਲਿਕ, ਪ੍ਰੈਸਬੀਟੀਰੀਅਨ ਅਤੇ ਕੋਈ ਧਰਮ ਨਹੀਂ ਵਾਲਿਆਂ ਵਿੱਚ ਸਭ ਤੋਂ ਵੱਧ ਹੈ।

- ਗਲਾਸਗੋ ਦੇ ਪ੍ਰੈਸਬੀਟੀਰੀਅਨ ਅਤੇ ਕੈਥੋਲਿਕ ਲੋਕਾਂ ਦੀ ਅਸਲ ਵਿੱਚ ਸਿੱਖਿਆ ਨਾਲ ਸੰਬੰਧਤ ਇਕੋ ਜਿਹੀ ਰੂਪਰੇਖਾ ਹੈ ਜਿਸ ਵਿੱਚ ਹਰ ਇੱਕ ਸਮੂਹ ਦੇ ਲਗਭਗ ਅੱਧੇ ਲੋਕਾਂ ਦੇ ਕੋਲ ਕੋਈ ਯੋਗਤਾ ਨਹੀਂ ਹੈ। ਧਿਆਨ ਖਿੱਚਣ ਵਾਲੀ ਗੱਲ ਇਹ ਹੈ ਕਿ ਹਿੰਦੂ ਸਮੂਹ ਦੇ ਅੱਧੇ ਤੋਂ ਵੱਧ ਲੋਕ ਗ੍ਰੈਜੂਏਟ ਹਨ, ਜੋ ਸ਼ਾਇਦ ਲੇਬਰ ਮਾਰਕੀਟ ਵਿੱਚ ਉਨ੍ਹਾਂ ਦੀ ਤੁਲਨਾਤਮਕ ਤੌਰ 'ਤੇ ਲਾਭਦਾਇਕ ਸਥਿਤੀ ਬਾਰੇ ਸਮਝਾਉਣ ਵਿੱਚ ਮਦਦ ਕਰਦੀ ਹੈ।

- ਸਿਹਤ ਨਾਲ ਸੰਬੰਧਤ ਸਮੱਸਿਆ, ਜੀਵਨ ਨੂੰ ਸੀਮਿਤ ਕਰਨ ਵਾਲੀ ਬਿਮਾਰੀ ਅਤੇ 'ਸਥਾਈ ਰੂਪ ਵਿੱਚ ਬਿਮਾਰ ਜਾਂ ਅਸਮਰਥ' ਹੋਣ ਦੇ ਸੰਬੰਧ ਵਿੱਚ ਕੈਥੋਲਿਕਾਂ ਦਾ ਨੁਕਸਾਨ ਦੀ ਸਥਿਤੀ ਵਿੱਚ ਹੋਣ ਦਾ ਕੁਝ ਸਬੂਤ ਮਿਲਿਆ ਹੈ।

ਜੇ ਤੁਸੀਂ ਇਸ ਰਿਸਰਚ ਨਤੀਜਿਆਂ ਦੀਆਂ ਹੋਰ ਕਾਪੀਆਂ ਲੈਣੀਆਂ ਚਾਹੁੰਦੇ ਹੋ ਜਾਂ ਸੋਸ਼ਲ ਰਿਸਰਚ ਬਾਰੇ ਕੁਝ ਪੁੱਛਣਾ ਚਾਹੁੰਦੇ ਹੋ, ਤਾਂ ਕ੍ਰਿਪਾ ਕਰਕੇ ਸਾਨੂੰ ਹੇਠਾਂ ਲਿਖੇ ਪਤੇ ’ਤੇ ਸੰਪਰਕ ਕਰੋ:

Scottish Executive Social Research
1-F (Dockside)
Victoria Quay
EDINBURGH
EH6 6QQ
ਟੈਲੀਫ਼ੋਨ: 0131 244-7565
ਫ਼ੈਕਸ: 0131 244-7573
ਈ-ਮੇਲ: socialresearch@scotland.gsi.gov.uk
ਵੈਬਸਾਈਟ: www.scotland.gov.uk/socialresearch

ਜੇ ਤੁਸੀਂ ਰਿਸਰਚ ਰਿਪੋਰਟ “ਗਲਾਸਗੋ ਵਿੱਚ ਧਰਮ ਸਮੁਦਾਇ ਅਤੇ ਲੋਕਲ ਗਵਰਨਮੈਂਟ” (Faith Communities and Local Government in Glasgow) ਦੀ ਕਾਪੀ ਲੈਣੀ ਚਾਹੁੰਦੇ ਹੋ, ਜਿਸਦਾ ਸਾਰ ਇਸ ਰਿਸਰਚ ਨਤੀਜੇ ਵਿੱਚ ਦਿੱਤਾ ਗਿਆ ਹੈ, ਤਾਂ ਕ੍ਰਿਪਾ ਕਰਕੇ ਹੇਠਾਂ ਲਿਖੇ ਦੇ ਨਾਮ ’ਤੇ £5.00 ਦਾ ਚੈਕ ਭੇਜੋ:

Blackwell’s Bookshop
53 South Bridge
Edinburgh
EH1 1YS
ਟੈਲੀਫ਼ੋਨ: 0131 622 8283 / 0131 622 8258
ਫ਼ੈਕਸ: 0131 622 8258
ਈ-ਮੇਲ: business.edinburgh@blackwell.co.uk

Copies of this document are available in Arabic, Farsi, Hindi, Punjabi and Urdu.

تتوفر نسخ من هذه الوثيقة في اللغات العربية والفارسية والهندية والبنجابية والأوردية.

نسخه هایی از این نوشتار به زبانهای عربی، فارسی، هندی، پنجابی و اردو موجود می باشد.

इस दस्तावेज़ की प्रतियाँ एरेबिक, फ़ारसी, हिंदी, पंजाबी और उर्दू में मिल सकती हैं।

ਇਸ ਦਸਤਾਵੇਜ਼ ਦੀਆਂ ਕਾਪੀਆਂ ਏਰੇਬਿਕ, ਫ਼ਾਰਸੀ, ਹਿੰਦੀ, ਪੰਜਾਬੀ ਅਤੇ ਉਰਦੂ ਵਿੱਚ ਮਿਲ ਸਕਦੀਆਂ ਹਨ।

اس دستاویز کے نسخے عربی، فارسی، ہندی، پنجابی اور اردو میں دستیاب ہیں۔

ਇਹ ਦਸਤਾਵੇਜ਼ (ਅਤੇ ਦੂਸਰੇ ਰਿਸਰਚ ਨਤੀਜੇ ਅਤੇ ਰਿਪੋਰਟਾਂ) ਅਤੇ ਸਕਾੱਟਿਸ਼ ਐਗਜ਼ੀਕਿਊਟਿਵ ਵਿੱਚ ਸਮਾਜਿਕ ਰਿਸਰਚ ਬਾਰੇ ਜਾਣਕਾਰੀ ਇੰਟਰਨੇਟ ’ਤੇ ਇਸ ਵੈਬਸਾਈਟ ’ਤੇ ਦੇਖੀ ਜਾ ਸਕਦੀ ਹੈ: http://www.scotland.gov.uk/socialresearch

ਇਸ ਸਾਈਟ ਵਿੱਚ ਸਕਾੱਟਿਸ਼ ਐਗਜ਼ੀਕਿਊਟਿਵ ਦੇ ਵਲੋਂ ਸ਼ੁਰੂ ਕੀਤੀ ਗਈ ਅਤੇ ਪ੍ਰਕਾਸ਼ਿਤ ਕੀਤੀ ਗਈ ਸਮਾਜਿਕ ਅਤੇ ਨੀਤੀ ਨਾਲ ਸੰਬੰਧਤ ਰਿਸਰਚ ਬਾਰੇ ਨਵੀਨਤਮ ਜਾਣਕਾਰੀ ਹੈ। ਸ਼ਾਮਲ ਕੀਤੇ ਗਏ ਵਿਸ਼ੇ ਹਨ ਆਵਾਜਾਈ, ਹਾਉਸਿੰਗ, ਸਮਾਜਿਕ ਹਿੱਸੇਦਾਰੀ, ਪੇਂਡੂ ਮਾਮਲੇ, ਬੱਚੇ ਅਤੇ ਨੌਜਵਾਨ, ਸਿੱਖਿਆ, ਸਮਾਜਿਕ ਕੰਮ, ਕਮਿਉਨਿਟੀ ਦੇਖਭਾਲ, ਲੋਕਲ ਗਵਰਨਮੈਂਟ, ਨਾਗਰਿਕ ਨਿਆਂ, ਅਪਰਾਧ ਅਤੇ ਅਪਰਾਧਿਕ ਨਿਆਂ, ਸੁਧਾਰ, ਯੋਜਨਾ ਬਣਾਉਣੀ ਅਤੇ ਔਰਤਾਂ ਨਾਲ ਸੰਬੰਧਤ ਮੁੱਦੇ। ਇਸ ਸਾਈਟ ਦੇ ਮਾਧਿਅਮ ਨਾਲ ਸਕਾੱਟਿਸ਼ ਪਰਿਵਾਰ ਸਰਵੇਖਣ ਬਾਰੇ ਵੀ ਜਾਣਕਾਰੀ ਮਿਲ ਸਕਦੀ ਹੈ।

ਇਸ ਅਨੁਵਾਦ ਨੂੰ ਅਸਲੀ ਦਸਤਾਵੇਜ਼ ਦਾ ਬਿਲਕੁਲ ਸਹੀ ਚਿੱਤਰਨ (ਅਰਥ) ਮੰਨਿਆ ਗਿਆ ਹੈ।

ISBN 0-7559-2774-5

Astron B43600 11/05 (Punjabi)